بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.04.2021

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਅਤੇ ਦੂਜੇ ਰੂਹਾਨੀ ਖ਼ਲੀਫ਼ਾ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਅਪ੍ਰੈਲ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔
بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਕਰਾਂਗਾ । ਆਪ ਜੀ ਦਾ ਸੰਬੰਧ ਕਬੀਲਾ ਬਨੂ ਅਦੀ ਬਿਨ ਕਾਅਬ ਬਿਨ ਲੂਈ ਨਾਲ ਸੀ । ਆਪ ਜੀ ਦੇ ਪਿਤਾ ਦਾ ਨਾਂ ਖ਼ਤਾਬ ਬਿਨ ਨਫ਼ੀਲ ਅਤੇ ਮਾਤਾ ਦਾ ਨਾਂ ਹਨਤਮਾ ਬਿੰਤ (ਸਪੁੱਤਰੀ) ਹਾਸ਼ਮ ਸੀ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੀ ਜਨਮ ਮਿਤੀ ਬਾਰੇ ਵੱਖ ਵੱਖ ਰਿਵਾਇਤਾਂ ਮਿਲਦੀਆਂ ਹਨ ਜਿਵੇਂ ਕਿ ਇਕ ਰਿਵਾਇਤ ਇਹ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਵੱਡੀ ਜੰਗ ਫਜਾਰ ਤੋਂ ਚਾਰ ਸਾਲ ਪਹਿਲਾਂ ਜਾਂ ਦੂਜੀ ਰਿਵਾਇਤ ਅਨੁਸਾਰ ਚਾਰ ਸਾਲ ਬਾਦ ਪੈਦਾ ਹੋਏ ਸਨ । ਇਕ ਰਿਵਾਇਤ ਵਿੱਚ ਆਪ ਰਜ਼ੀ ਅਲੱਹੁ ਅਨਹੁ ਦਾ ਜਨਮ ਆਮੁਲ ਫ਼ੀਲ 570 ਈ. ਦੇ ਤੇਰ੍ਹਾਂ ਸਾਲ ਬਾਦ ਅਰਥਾਤ 583 ਈ. ਦੱਸਿਆ ਗਿਆ ਹੈ । ਇਕ ਰਿਵਾਇਤ ਵਿੱਚ ਕਿਹਾ ਗਿਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ 6 ਨਬਵੀ ਵਿੱਚ 26 ਸਾਲ ਦੀ ਉਮਰ ਵਿੱਚ ਇਸਲਾਮ ਕੁਬੂਲ ਕੀਤਾ, ਇਉਂ ਆਪ ਜੀ ਦਾ ਜਨਮ ਸਨ 590 ਈ. ਬਣਦਾ ਹੈ । ਇਕ ਰਵਾਇਤ ਇਹ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਉਸ ਸਮੇਂ ਪੈਦਾ ਹੋਏ ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਇੱਕੀ ਵਰ੍ਹਿਆਂ ਦੇ ਸਨ । ਹਜ਼ਰਤ ਉਮਰ ਦੀ ਗੋਤ ਅਬੂ ਹਫ਼ਸ ਸੀ ।

ਇਕ ਵਾਰ ਹਜ਼ਰਤ ਇਬਨੇ ਅਬੱਾਸ ਨੇ ਹਜ਼ਰਤ ਉਮਰ ਨੂੰ ਪੁੱਛਿਆ ਕਿ ਆਪ ਦਾ ਸਿਰਨਾਵਾਂ ਫ਼ਾਰੂਕ ਕਿਵੇਂ ਰੱਖਿਆ ਗਿਆ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਫ਼ਰਮਾਇਆ ਕਿ ਮੈਂ ਹਜ਼ਰਤ ਹਮਜ਼ਾ ਰਜ਼ੀ ਅਲੱਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਅਤੇ ਮਸਜਿਦੇ ਹਰਾਮ ਵਿੱਚ ਅਬੂ ਜਹਿਲ ਨੂੰ ਕਮਾਨ ਮਾਰਕੇ ਜ਼ਖ਼ਮੀ ਕਰਨ ਦੇ ਤੀਜੇ ਦਿਨ ਬਾਹਰ ਨਿਕਲਿਆ । ਰਸਤੇ ਵਿੱਚ ਬਨੂ ਮਖ਼ਜ਼ੂਮ ਦੇ ਇਕ ਵਿਅਕਤੀ ਤੋਂ ਪਤਾ ਲਗੱਾ ਕਿ ਮੇਰੀ ਭੈਣ ਤੇ ਭਣਵੱਈਏ ਨੇ ਇਸਲਾਮ ਕੁਬੂਲ ਕਰ ਲਿਆ ਹੈ ਜਿਸ'ਤੇ ਮੈਂ ਆਪਣੀ ਭੈਣ ਦੇ ਘਰ ਗਿਆ, ਜਿੱਥੇ ਮੈਂਨੂੰ ਕੁਝ ਪੜ੍ਹੇ ਜਾਣ ਦੀਆਂ ਸੂਹਾਂ ਸੁਣਾਈ ਦਿੱਤੀਆਂ । ਮੈਂ ਅੰਦਰ ਦਾਖ਼ਲ ਹੋਇਆ ਅਤੇ ਉੱਥੇ ਗੱਲ ਵੱਧ ਜਾਣ ਕਰਕੇ ਮੈਂ ਆਪਣੇ ਭਣਵੱਈਏ ਦੇ ਸਿਰ

ਫ਼ੜ ਲਿਆ ਅਤੇ ਉਸਨੂੰ ਮਾਰ ਮਾਰ ਕੇ ਲਹੂ ਲੁਹਾਨ ਕਰ ਦਿਤੱਾ । ਇਕ ਰਿਵਾਇਤ ਵਿੱਚ ਭੈਣ ਦੇ ਜ਼ਖ਼ਮੀ ਹੋਣ ਦਾ ਵਰਨਣ ਹੈ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਰਕਤ ਵਗੱਦਾ ਦੇਖਕੇ ਮੈਂਨੂੰ ਸ਼ਰਮਿੰਦਗੀ ਹੋਈ, ਮੈਂ ਬਹਿ ਗਿਆ ਅਤੇ ਕਿਹਾ ਮੈਂਨੂੰ ਕਿਤਾਬ ਦਿਖਾਓ ਜੋ ਤੁਸੀਂ ਲੋਕ ਪੜ੍ਹ ਰਹੇ ਸੀ । ਮੇਰੀ ਭੈਣ ਨੇ ਕਿਹਾ ਪਹਿਲਾਂ ਤੁਸੀਂ ਇਸ਼ਨਾਨ ਕਰੋ । ਜੱਦ ਮੈਂ ਇਸ਼ਨਾਨ ਕੀਤਾ ਤਾਂ ਉਹਨਾ ਨੇ ਉਹ ਪਵਿੱਤਰ ਗ੍ਰੰਥ ਮੇਰੇ ਲਈ ਕੱਢਿਆ ਇਹ ਸੂਰਤ ਤਾਹਾ ਦੀ ਆਇਤ 2 ਤੋਂ 9 ਸੀ, ਜਿੰਨ੍ਹਾ ਦੀ ਅਜ਼ਮਤ ਦਾ ਮੇਰੇ ਮਨ'ਤੇ ਬਹੁਤ ਪ੍ਰਭਾਵ ਪਿਆ । ਮੈਂ ਝੱਟ ਉੱਥੋਂ ਦਾਰੇ ਅਰਕਮ ਗਿਆ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਕੇ ਮੈਂ ਇਸਲਾਮ ਕੁਬੂਲ ਕਰ ਲਿਆ, ਜਿਸ'ਤੇ ਸਾਰਿਆਂ ਸਹਾਬਾ ਨੇ ਅਲੱਾਹੁ ਅਮਬਰ ਦਾ ਨਾਰਾ ਲਾਇਆ ਜਿਸਨੂੰ ਮੱਕੇ ਵਾਸੀਆਂ ਨੇ ਸੁਣਿਆ । ਇਸ ਦੇ ਬਾਦ ਅਸੀਂ ਦੋ ਪੰਕਤੀਆਂ ਵਿੱਚ ਮਸਜਿਦੇ ਹਰਾਮ ਵਿੱਚ ਦਾਖ਼ਲ ਹੋਏ । ਇਕ ਪੰਕਤੀ ਵਿੱਚ ਮੈਂ ਸੀ ਜੱਦ ਕਿ ਦੂਜੀ ਪੰਕਤੀ ਵਿੱਚ ਹਮਜ਼ਾਹ । ਜੱਦ ਕੁਰੈਸ਼ ਨੇ ਮੈਂਨੂੰ ਅਤੇ ਹਮਜ਼ਾਹ ਨੂੰ ਦੇਖਿਆ ਤਾਂ ਉਹਨਾ ਨੂੰ ਤਗੜਾ ਝਟਕਾ, ਦੁੱਖ ਤੇ ਕਸ਼ਟ ਪਹੁੰਚਿਆ ਕਿ ਆਜਿਹਾ ਕਸ਼ਟ ਉਹਨਾ ਨੂੰ ਪਹਿਲਾਂ ਕਦੇ ਨਹੀਂ ਪਹੁੰਚਿਆ ਸੀ । ਇਸ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਮੇਰਾ ਨਾਂ 'ਫ਼ਾਰੂਕ' ਅਰਥਾਤ ਸੱਚ ਤੇ ਝੂਠ ਵਿੱਚ ਭਿੰਨ੍ਹਤਾ ਪੈਦਾ ਕਰਨ ਵਾਲਾ ਰੱਖਿਆ । ਰਿਵਾਇਤ ਅਨੁਸਾਰ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦਾਰੇ ਅਰਕਮਕ ਵਿੱਚ ਇਸਲਾਮ ਕੁਬੂਲ ਕਰਨ ਵਾਲੇ ਅੰਤਮ ਵਿਅਕਤੀ ਸਨ ।

ਘੁੜਸਵਾਰੀ ਅਤੇ ਕੁਸ਼ਤੀ ਦੇ ਮਾਹਰ, ਲੰਮੀ ਕਾਠੀ ਤੇ ਸੁਡੋਲ ਸ਼ਰੀਰ ਦੇ ਮਾਲਕ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਕੁਰੈਸ਼ ਦੇ ਉਨਹਾ ਸਤਾਰ੍ਹਾਂ ਵਿਅਕਤੀਆਂ ਵਿੱਚੋਂ ਸਨ ਜੋ ਲਿਖਣਾ ਪੜ੍ਹਨਾ ਜਾਣਦੇ ਸਨ । ਇਸਲਾਮ ਤੋਂ ਪਹਿਲਾਂ ਕੁਰੈਸ਼ ਵੱਲੋਂ ਦੂਤਾਵਾਸ ਦਾ ਵਿਭਾਗ ਆਪ ਰਜ਼ੀ ਅਲੱਹੁ ਅਨਹੁ ਦੇ ਸੁਪੁਰਦ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੂੰ ਇਸਲਾਮ ਨਾਲ ਕਟੱੜ ਦੁਸ਼ਮਣੀ ਸੀ ਪਰ ਉਹਨਾ ਵਿੱਚ ਆਤਮਕ ਯੋਗਤਾ ਵਿਦਮਾਨ ਸੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਅਤੇ ਆਪ ਦੇ ਸਹਾਬਾ ਨੂੰ ਦੁੱਖ ਪਹੁੰਚਾਉਣ ਦੇ ਬਾਦ ਵੀ ਆਪ ਵਿੱਚ ਇਕ ਪ੍ਰਕਾਰ ਦੀ ਪੀੜ੍ਹਾ ਦੀ ਭਾਵਨਾ ਮੌਜੂਦ ਸੀ । ਜਿਵੇਂ ਕਿ ਹਬਸ਼ੇ ਵੱਲ ਹਿਜਰਤ ਦੀ ਰਾਤ ਨੂੰ ਹਨ੍ਹੇਰੇ ਵਿੱਚ ਹਜ਼ਰਤ ਉਮਰ ਮੱਕੇ ਦਾ ਚਕੱਰ ਲਾ ਰਹੇ ਸਨ ਕਿ ਇਕ ਸਹਾਬੀਆ ਨੂੰ ਸਫ਼ਰ ਦੀ ਤਿਆਰੀ ਕਰਕੇ ਕਿਤੇ ਜਾਂਦਿਆਂ ਦੇਖਿਆ । ਪੁਛੱਣ'ਤੇ ਸਹਾਬੀਆ ਨੇ ਕਿਹਾ ਕਿ ਉਮਰ ! ਅਸੀਂ ਇਸ ਲਈ ਵਤਨ ਛਡੱਕੇ ਜਾ ਰਹੇ ਹਾਂ ਕਿ ਤੁਸੀਂ ਅਤੇ ਤੁਹਾਡੇ ਭਰਾ ਸਾਡਾ ਇੱਥੇ ਰਹਿਣਾ ਪਸੰਦ ਨਹੀਂ ਕਰਦੇ ਅਤੇ ਸਾਨੂੰ ਇਕ ਰੱਬ ਦੀ ਬੰਦਗੀ ਕਰਨ ਵਿੱਚ ਇੱਥੇ ਅਜ਼ਾਦੀ ਨਹੀਂ । ਇਹ ਉੱਤਰ ਸੁਣਕੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ'ਤੇ ਦੁੱਖ ਦਾ ਐਨ੍ਹਾ ਪ੍ਰਭਾਵ ਪਿਆ ਕਿ ਆਪ ਨੇ ਮੂੰਹ ਦੂਜੇ ਪਾਸੇ ਮੋੜ ਲਿਆ ਅਤੇ ਕਿਹਾ ਅਛੱਾ ਜਾਓ ! ਰੱਬ ਤੁਹਾਡਾ ਰਾਖਾ ਹੋਵੇ ।

ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਲਈ ਆਂਹਜ਼ੂਰ ਸਲਲਾਹੁ ਅਲੈਹਿ ਵਸਲੱਮ ਨੇ ਇਹ ਦੁਆ ਵੀ ਕੀਤੀ ਸੀ ਕਿ ਹੇ ਅਲੱਾਹ ! ਹੇ, ਅਲੱਾਹ ! ਇਹਨਾ ਦੋ ਵਿਅਕਤੀਆਂ ਵਿੱਚੋਂ ਅਰਥਾਤ ਅਬੂ ਜਹਿਲ ਅਤੇ ਉਮਰ ਬਿਨ ਖ਼ਤਾਬ ਵਿੱਚੋਂ ਆਪਣੇ ਬਹੁਤੇ ਪ੍ਰੇਮੀ ਵਿਅਕਤੀ ਰਾਹੀਂ ਇਸਲਾਮ ਨੂੰ ਸਨਮਾਨ ਪ੍ਰਦਾਨ ਕਰ । ਜ਼ੁਲ ਹਜੱਾ 6 ਨਬਵੀ ਵਿੱਚ ਜੱਦ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਇਸਲਾਮ ਕੁਬੂਲ ਕੀਤਾ ਤਾਂ ਉਸ ਸਮੇਂ ਮੱਕੇ ਵਿੱਚ ਮੁਸਲਮਾਨ ਪੁਰੁਸ਼ਾਂ ਦੀ ਗਿਣਤੀ ਚਾਲ੍ਹੀ ਸੀ । ਆਪ ਰਜ਼ੀ ਅਲੱਹੁ ਅਨਹੁ ਦੇ ਇਸਲਾਮ ਲਿਆਉਣ ਮੌਕੇ ਹਜ਼ਰਤ ਜਿਬਰੀਲ ਨਾਜ਼ਲ ਹੋਏ ਅਤੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਸੰਬੋਧਨ ਕਰਕੇ ਕਿਹਾ ਕਿ ਹੇ, ਮੁਹਮੱਦ ! ਉਮਰ ਦੇ ਇਸਲਾਮ ਲਿਆਉਣ ਨਾਲ ਆਕਾਸ਼ ਵਾਲੇ ਵੀ ਖ਼ੁਸ਼ ਹਨ ।

ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਦੇ ਸਬਬ ਬਣਨ ਵਾਲੇ ਅਨੇਕਾਂ ਘਟਨਾਵਾਂ ਤੇ ਰਿਵਾਇਤਾਂ ਹਦੀਸਾਂ ਦੀਆਂ ਕਿਤਾਬਾਂ ਤੇ ਜੀਵਨੀ ਵਿੱਚ ਵਰਨਣ ਹਨ । ਇਕ ਰਿਵਾਇਤ ਅਨੁਸਾਰ ਅਬੂ ਜਿਹਲ ਨੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਕਤਲ ਕਰਨ ਕਰਨ ਵਾਲੇ ਵਿਅਕਤੀ ਲਈ ਬਹੁਤ ਵੱਡੇ ਪੁਰਸਕਾਰ ਦੀ ਘੋਸ਼ਣਾ ਕੀਤੀ ਤਾਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਕਤਲ ਕਰਨ ਦੇ ਨਿਸ਼ਚੇ ਨਾਲ ਨੰਗੀ ਤਲਵਾਰ ਲੈਕੇ ਨਿਕਲੇ । ਰਸਤੇ ਵਿੱਚ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਇਕ ਵਛੇਰਾ ਜ਼ਿਬਾਹ (ਕਟੱਦੇ ਹੋਏ) ਹੁੰਦੇ ਦੇਖਿਆ ਅਤੇ ਉਸ ਦੇ ਢਿੱਡ'ਚੋਂ ਇਹ ਅਵਾਜ਼ ਸੁਣੀ ਕਿ ਹੇ, ਆਲੇ ਜ਼ਰੀਹ ! ਜ਼ਰੀਹ ਉਸ ਵਛੇਰੇ ਦਾ ਨਾਂ ਸੀ । ਇਕ ਬੁਲਾਉਣ ਵਾਲਾ ਰੱਬ ਦੇ ਇਕ ਈਸ਼ਵਰਵਾਦ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਰਸਾਲਤ ਦੀ ਗਵਾਹੀ ਵੱਲ ਬੁਲਾ ਰਿਹਾ ਹੈ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਸੋਚਿਆ ਕਿ ਇਹ ਤਾਂ ਮੇਰੇ ਵੱਲ ਸੰਕੇਤ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜੇਕਰ ਇਹ ਰਿਵਾਇਤ ਸਹੀ ਹੈ ਕਿ ਤਾਂ ਲਗੱਦਾ ਹੈ ਕਿ ਇਹ ਕੋਈ ਦਿਵ ਦ੍ਰਿਸ਼ ਸੀ ਜੋ ਆਪ ਨੇ ਉੱਥੇ ਦੇਖਿਆ ।

ਇਕ ਦੂਜੀ ਰਿਵਾਇਤ ਇਉਂ ਬਿਆਨ ਕੀਤੀ ਜਾਂਦੀ ਹੈ, ਇਕ ਰਾਤ ਮਸਜਿਦੇ ਹਰਾਮ ਵਿਚ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਨਮਾਜ਼ ਵਿੱਚ ਲੀਨ ਦੇਖਿਆ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਸੂਰਤ ਰਹਮਾਨ ਦੀ ਤਲਾਵਤ ਕਰ ਰਹੇ ਸਨ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਮੈਂ ਕੁਰਆਨ ਕਰੀਮ ਸੁਣਿਆ ਤਾਂ ਮੇਰਾ ਦਿਨ ਇਸਦੇ ਸਬਬ ਪੰਘਰ ਗਿਆ ਅਤੇ ਮੈਂਰੋ ਪਿਆ ਅਤੇ ਇਸਲਾਮ ਮੇਰੇ ਅੰਦਰ ਦਾਖ਼ਲ ਹੋ ਗਿਆ ।

ਅਜਿਹੀ ਹੀ ਇਕ ਹੋਰ ਰਿਵਾਇਤ ਵਿੱਚ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਇਕ ਰਾਤ ਮੇਰੀ ਭੈਣ ਨੂੰ ਗਰਭ ਦੀਆਂ ਪੀੜਾਂ ਡੋਈਆਂ ਤਾਂ ਮੈਂ ਦੁਆ ਕਰਨ ਲਈ ਕਾਬੇ ਦੇ ਪਰਦਿਆਂ ਨਾਲ ਲਿਪਟ ਗਿਆ । ਉਸ ਸਮੇਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਨਮਾਜ਼ ਵਿੱਚ ਤਲਾਵਤ ਕਰਦਿਆਂ ਹੋਇਆਂ ਸੁਣਿਆ । ਇਸ ਗਲਾਮ ਨੇ ਆਪ ਦਾ ਦਿਲ'ਤੇ ਅਜਿਹਾ ਪ੍ਰਭਾਵ ਪਾਇਆ ਕਿ ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਉੱਥੋਂ ਜਾਣ ਲੱਗੇ ਤਾਂ ਆਪ ਰਸੂਲੇ ਕਰੀਮ ਸਲੱਲੱਾਹੁ ਅਲੈਹਿ ਵਸਲੱਮ ਦੇ ਪਿੱਛੇ ਪਿੱਛੇ ਚਲ ਪਏ । ਹਜ਼ੂਰ ਸਲਲੱਾਹੁ ਅਲੈਹਿ ਵਸਲੱ ਨੇ ਦੇਖਿਆ ਤਾਂ ਫ਼ਰਮਾਇਆ : ਹੇ, ਉਮਰ ਰਜ਼ੀ ਅਲੱਹੁ ਅਨਹੁ ! ਤੁਸੀਂ ਮੈਂਨੂੰ ਨ ਰਾਤ ਨੂੰ ਛਡੱਦੇ ਹੋ ਨ ਦਿਨ ਨੂੰ । ਇਹ ਸੁਣਕੇ ਹਜ਼ਰਤ ਉਮਰ ਡਰ ਗਏ ਕਿ ਤੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਉਹਨਾ ਲਈ ਕੋਈ ਬਦ ਦੁਆ ਨ ਕਰਨ, ਸੋ, ਆਪਨੇ ਝੱਟ ਕਲਮਾ ਸ਼ਹਾਦਤ ਪੜ੍ਹ ਲਿਆ ।

ਇਕ ਹੋਰ ਰਿਵਾਇਤ ਵਿੱਚ ਆਪਦੇ ਇਸਲਾਮ ਕਬੂਲ ਕਰਨ ਵਰਨਣ ਇਉਂ ਮਿਲਦਾ ਹੈ ਕਿ ਇਕ ਦਿਨ ਆਪ ਨੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਸੂਰਤ ਅਲਹਾਕਾਹ ਦੀ ਤਲਾਵਤ ਕਰਦਿਆਂ ਹੋਇਆਂ ਸੁਣਿਆ ਤਾਂ ਕੁਰਆਨ ਕਰੀਮ ਦੀ ਬਣਾਵਟ ਤੇ ਲੜੀਵਾਰਤਾ ਤੋਂ ਹੈਰਾਨ ਹੋ ਕੇ ਸੋਚਿਆ ਕਿ ਹੇ, ਰਬੱਾ ! ਇਹ ਤਾਂ ਕਿਸੇ ਸ਼ਾਇਰ ਦਾ ਕਲਾਮ ਹੈ। ਆਪ ਦਸੱਦੇ ਹਨ ਕਿ ਜੱਦ ਮੈਂ ਇਹ ਸੋਚਿਆ ਤਾਂ ਆਪਨੇ ਇਹ ਆਇਤਾਂ ਪੜ੍ਹੀਆਂ ਕਿ 'ਇਨੱਾਹੂ ਲਕੌਲੁ ਰਸੂਲਿਨ ਕਰੀਮਿੰਵ  ਵਮਾ ਹੁਵਾ ਬਿਕੌਲਿ ਸ਼ਾਇਰਿ' (اِنَّهٗ لَقَوْلُ رَسُوْلٍ كَرِيْمٍ وَّ مَا هُوَ بِقَوْلِ شَاعِرٍ) ਅਰਥਾਤ ਨਿਸਚੇ ਹੀ ਇਕ ਸਨਮਾਨ ਯੋਗ ਰਸੂਲ ਦਾ ਕਥਨ ਹੈ ਅਤੇ ਇਕ ਕਿਸੇ ਸ਼ਾਇਰ ਦੀ ਗੱਲ ਨਹੀਂ । ਹਜ਼ਰਤ ਉਮਰ ਫ਼ਰਮਾਉਂਦੇ ਹਨ ਕਿ ਇਸ'ਤੇ ਮੈਂ ਸੋਚਿਆ ਕਿ ਇਹ ਤਾਂ ਕਾਹਨ ਅਰਥਾਤ ਜਾਦੂਗਰ ਹੈ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਪੜ੍ਹਿਆ ਕਿ 'ਵਲਾ ਬਿਕੌਲਿ ਕਾਹਿਨਿ ਕਲੀਲੰਮ ਮਾ ਤਜ਼ਕੱਾਰੂਨ' (وَلَا بِقَوْلِ كَاهِنٍ قَلِيْلًا مَّا تَذَكَّرُوْنَ) ਅਰਥਾਤ ਇਹ

ਕਿਸੇ ਕਾਹਨ (ਜਾਦੂਗਰ) ਦੀ ਗੱਲ ਨਹੀਂ । ਬਹੁਤ ਥੋੜਾ ਹੈ ਜੋ ਤੁਸੀਂ ਨਸੀਹਤ ਪਕੜਦੇ ਹੋ । ਹਜ਼ਰਤ ਉਮਰ ਫ਼ਰਮਾਉਂਦੇ ਹਨ ਕਿ ਇਸ ਸਮੇਂ ਤੋਂ ਇਸਲਾਮ ਮੇਰੇ ਦਿਲ ਵਿੱਚ ਘਰ ਕਰ ਗਿਆ ।

ਹਜ਼ਰਤ ਉਮਰ ਰਜ਼ੀ ਅਲੱਲਾਹੁ ਅਨਹੁ ਦੇ ਇਸਲਾਮ ਕੁਬੂਲ ਕਰਨ ਬਾਰੇ ਰਿਵਾਇਤਾਂ'ਤੇ ਟਿਪੱਣੀ ਕਰਦਿਆਂ ਹੋਇਆਂ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਤਿਹਾਸ ਤੇ ਜੀਵਨੀ ਦੀਆਂ ਕਿਤਾਬਾਂ ਵਿੱਚ ਵੱਖ ਵੱਖ ਰਿਵਾਇਥਾਂ ਮਿਲਦੀਆਂ ਹਨ, ਇਹਨਾ ਰਿਵਾਇਤਾਂ ਨੂੰ ਜਿੰਨ੍ਹਾ ਨੇ ਵੀ ਉਚਿਤ ਸਮਝਿਆ ਵਰਨਣ ਕੀਤੀਆਂ ਹਨ । ਅਸੀਂ ਤਾਂ ਉਸੇ ਰਿਵਾਇਤ ਨੂੰ ਸਹੀ ਸਮਝਦੇ ਤੇ ਮੰਨਦੇ ਹਾਂ ਜੋ ਭੈਣ ਤੇ ਭਣਵਈਏ ਦੇ ਘਰ ਵਾਲੀ ਘਟਨਾ ਹੈ ਅਤੇ ਫਿਰ ਉੱਥੋਂ ਆਪ ਦਾਰੇ ਅਰਕਮ ਗਏ । ਇਹ ਵੀ ਸੰਭਵ ਹੈ ਕਿ ਉਪਰੋਕਤ ਸਾਰੀਆਂ ਰਿਵਾਇਤਾਂ ਆਪਣੀ ਥਾਂ ਠੀਕ ਹੋਣ ਜਿੰਨ੍ਹਾ ਦਾ ਸਿਟੱਾ ਇਕ ਨਿਕਲਦਾ ਹੈ ਕਿ ਵੱਖ ਵੱਖ ਮੌਕਿਆਂ'ਤੇ ਹਜ਼ਰਤ ਉਮਰ ਦੇ ਮਨ ਵਿੱਚ ਪਰਿਵਰਤਨ ਦੀਆਂ ਘਟਨਾਵਾਂ ਉਜਾਗਰ ਹੁਚੰਦੀਆਂ ਰਹੀਆਂ ਅਤੇ ਅੰਤਮ ਘਟਨਾ ਇਹੋ ਹੋਵੇ, ਜੱਦ ਭੈਣ ਦੇ ਘਰ ਵਿੱਚ ਕੁਰਆਨ ਕਰੀਮ ਸੁਣਿਆ ਅਤੇ ਇਸਲਾਮ ਕੁਬੂਲ ਕਰਨ ਲਈ ਰਸੂਲੁਲੱਾਹ ਦੇ ਦਰਬਾਰ ਵਿੱਚ ਹਾਜ਼ਰ ਹੋ ਗਏ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਹਜ਼ਰਤ ਉਮਰ ਦੇ ਜ਼ਿਕਰ ਦੇ ਜਾਰੀ ਰਹਿਣ ਬਾਰੇ ਕਹਿਣ ਮਗਰੋ ਹੇਠ ਲਿਖੇ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ ।

ਮੁਕਰੱਮ ਅਹਮਦ ਮੁਹਮੱਦ ਉਸਮਾਨ ਸ਼ਬੂਤੀ ਸਾਹਬ ਸਦਰ ਜਮਾਤ ਅਹਮਦੀਆ ਯਮਨ ਜੋ 9 ਅਪ੍ਰੈਲ ਨੂੰ 87 ਸਾਲ ਦੀ ਉਮਰ ਵਿੱਚ ਮਿਸਰ ਵਿੱਚ ਵਫ਼ਾਤ ਪਾ ਗਏ । ਮੁਕਰੱਮ ਕੁਰੈਸ਼ੀ ਜ਼ਕਾਉਲੱਾਹ ਸਾਹਬ ਅਕਾਉਂਟੈਂਟ ਦਫ਼ਤਰ ਜਲਸਾ ਸਾਲਾਨਾ ਇਹ ਵੀ 9 ਅਪ੍ਰੈਲ ਨੂੰ 87 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ ਸਨ । ਮੁਕੱਰਮ ਖ਼ਾਲਿਕ ਦਾਦ ਸਾਹਬ ਕੈਨੇਡਾ ਜੋ 8 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ, ਮੁਕੱਰਮ ਮੁਹਮੱਦ ਸਲੀਮ ਸਾਬਰ ਸਾਹਬ ਕਾਰਕੁਨ ਨਜ਼ਾਰਤ ਅਮੂਰ ਆਮਾ ਇਹ 27 ਮਾਰਚ ਨੂੰ 77 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ । ਮੁਹਤਰਮਾ ਨਈਮਾ ਲਤੀਫ਼ ਸਾਹਿਬਾ ਸੁਪੱਤਨੀ ਸਾਹਿਬਜ਼ਾਦਾ ਮਹਦੀ ਲਤੀਫ਼ ਸਾਹਬ ਆਫ਼ ਅਮਰੀਕਾ । ਮਰਹੂਮਾ 10 ਮਾਰਚ ਨੂੰ ਵਫ਼ਾਤ ਪਾ ਗਈਂ ਅਤੇ ਮੁਹਤਰਮਾ ਸਫ਼ੀਆ ਸਾਹਿਬਾ ਸੁਪਤਨੀ ਮੁਹਮੱਦ ਸ਼ਰੀਫ਼ ਸਾਹਬ ਆਫ਼ ਕੈਨੇਡਾ । ਮਰਹੂਮਾ 11 ਮਾਰਚ ਨੂੰ 80 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਈ ਸਨ । اِنَّا لِلّٰهِ وَاِنَّا اِلَيْهِ رَاجِعُوْنَ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰہ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 23.04.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)